ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ

ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ

# ਖ਼ਾਲਸਾ ਕਾਲਜ ਪਟਿਆਲਾ

ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ ਪ੍ਰਾਪਤ

ਨੈਕ ਵੱਲੋਂ 'ਏ' ਗ੍ਰੇਡ ਪ੍ਰਵਾਨਿਤ, ਯੂ.ਜੀ.ਸੀ. ਵੱਲੋਂ ਕਾਲਜ ਵਿਦ 'ਪੁਟੈਂਸ਼ਿਅਲ ਫ਼ਾਰ ਐਕਸੀਲੈਂਸ'

ਸਟੇਟਸ ਅਤੇ ਸਟਾਰ ਕਾਲਜ - ਡੀ.ਬੀ.ਟੀ.

## ਆਟੋਨੌਮਸ ਕਾਲਜ

ਨੰਬਰ: ਕੇਸੀਪੀ/2022/ਪ੍ਰੀਖਿਆ/229 ਮਿਤੀ: 19-01-2022

## ਸ਼ੁੱਭ-ਇਛਾਵਾਂ !

ਤੁਹਾਡੇ ਵੱਖ-ਵੱਖ ਕਲਾਸਾਂ ਦੇ ਪਹਿਲੇ ਸਮੈਸਟਰ ਅਤੇ ਮੁਲਤਵੀ ਕੀਤੇ ਗਏ ਤੀਜੇ ਅਤੇ ਪੰਜਵੇਂ ਸਮੈਸਟਰ ਦੇ ਇਮਤਿਹਾਨ ਮਿਤੀ 24 ਜਨਵਰੀ, 2022 ਤੋਂ ਸ਼ੁਰੂ ਹੋ ਰਹੇ ਹਨ। ਕੋਵਿਡ-19 ਮਹਾਂਮਾਰੀ ਦੇ ਮੱਦੇਨਜ਼ਰ ਇਹ ਇਮਤਿਹਾਨ ਬਲੈਂਡਿਡ ਮੋਡ ਰਾਹੀਂ ਇਕ ਵੱਖਰੇ ਤਰੀਕੇ ਰਾਹੀਂ ਕਰਵਾਏ ਜਾ ਰਹੇ ਹਨ। ਮੈਂ ਇਹ ਗੱਲ ਚੰਗੀ ਤਰ੍ਹਾਂ ਸਮਝਦਾ ਹਾਂ ਕਿ ਇਸ ਸਮੇਂ ਦੌਰਾਨ ਤੁਹਾਨੂੰ ਬਹੁਤ ਮਾਨਸਿਕ ਤਨਾਵ ਦੇ ਵਿਚੋਂ ਗੁਜ਼ਰਨਾ ਪਿਆ ਹੈ। ਇਸ ਲਈ ਖ਼ਾਲਸਾ ਕਾਲਜ ਪਟਿਆਲਾ ਵੱਲੋਂ ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਸਮੁੱਚੇ ਪ੍ਰੀਖਿਆ ਪ੍ਰਬੰਧਨ ਅਤੇ ਸੰਚਾਲਨ ਦੌਰਾਨ ਤੁਹਾਡੀ ਸੁਵਿਧਾ ਅਤੇ ਮਾਨਸਿਕ ਸਿਹਤ ਦਾ ਖ਼ਾਸ ਤੌਰ 'ਤੇ ਪੂਰਾ ਧਿਆਨ ਰੱਖਿਆ ਜਾਵੇ। ਇਸ ਲਈ ਤੁਹਾਡੀ ਸਾਰੀ ਪ੍ਰੀਖਿਆ ਦੌਰਾਨ ਆਨਲਾਈਨ ਢੰਗ-ਤਰੀਕਿਆਂ ਦੀ ਹੀ ਵਰਤੋਂ ਕੀਤੀ ਜਾ ਰਹੀ ਹੈ। ਮੈਨੂੰ ਪੂਰਨ ਆਸ ਹੈ ਕਿ ਤੁਸੀਂ ਵੀ ਇਸ ਪ੍ਰੀਖਿਆ ਦੌਰਾਨ ਮਰਿਆਦਾ ਦਾ ਪੂਰਾ ਪਾਲਣ ਕਰਦੇ ਹੋਏ ਪ੍ਰੀਖਿਆ ਸਬੰਧੀ ਦਿੱਤੀਆਂ ਜਾ ਰਹੀਆਂ ਹਦਾਇਤਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਪੂਰੀ ਪਾਲਣਾ ਯਕੀਨੀ ਬਣਾਉਗੇ। ਮੈਂ ਪੇਪਰਾਂ ਵਿਚ ਤੁਹਾਡੀ ਚੰਗੀ ਕਾਰਗੁਜ਼ਾਰੀ ਅਤੇ ਤੁਹਾਡੇ ਬਿਹਤਰ ਭਵਿੱਖ ਦੀ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ। ਤੁਹਾਡੀ ਸਮੁੱਚੀ ਪ੍ਰੀਖਿਆ ਲਈ ਨਿਮਨ ਦਿਸ਼ਾ-ਨਿਰਦੇਸ਼ ਚੰਗੀ ਤਰ੍ਹਾਂ ਪੜ੍ਹਨ ਅਤੇ ਸਮਝਣ ਲਈ ਤੁਹਾਡੇ ਨਾਲ ਸਾਂਝੇ ਕਰ ਰਿਹਾ ਹਾਂ:

1. ਪਹਿਲੇ ਸਮੈਸਟਰ ਅਤੇ ਮੁਲਤਵੀ ਕੀਤੇ ਗਏ ਤੀਜੇ ਅਤੇ ਪੰਜਵੇਂ ਸਮੈਸਟਰ ਦੀਆਂ ਕਲਾਸਾਂ ਦੇ ਰੈਗੂਲਰ ਅਤੇ ਰੀ-ਅਪੀਅਰ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਮਿਤੀ 24 ਜਨਵਰੀ, 2022 ਤੋਂ ਬਲੈਂਡਿਡ ਮੋਡ ਰਾਹੀਂ ਸ਼ੁਰੂ ਹੋ ਰਹੀਆਂ ਹਨ। ਇਸ ਤਹਿਤ ਵਿਦਿਆਰਥੀਆਂ ਨੂੰ ਕਾਲਜ ਵੱਲੋਂ ਅੰਗ੍ਰੇਜ਼ੀ, ਪੰਜਾਬੀ ਲਾਜ਼ਮੀ ਅਤੇ ਮੁੱਢਲਾ ਗਿਆਨ ਦੇ ਪੇਪਰਾਂ ਲਈ 24 ਪੰਨਿਆਂ ਦੀ ਉੱਤਰ ਕਾਪੀ (Answer Sheet) ਅਤੇ ਬਾਕੀ ਪੇਪਰਾਂ ਲਈ 32 ਪੰਨਿਆਂ ਦੀ ਉੱਤਰ ਕਾਪੀ (Answer Sheet) ਵਿਦਿਆਰਥੀਆਂ ਦੇ ਕਲਾਸਾਂ ਦੇ ਬਣੇ ਹੋਏ ਵਟਸ-ਐੱਪ ਗਰੁੱਪਾਂ ਰਾਹੀਂ ਪੀ.ਡੀ.ਐਫ਼. ਫ਼ਾਰਮੈਟ ਵਿਚ ਭੇਜੀ ਜਾਵੇਗੀ। ਵਿਦਿਆਰਥੀ ਇਸ ਪੀ.ਡੀ.ਐਫ਼. ਨੂੰ ਡਾਊਨਲੋਡ ਕਰਦੇ ਹੋਏ, ਇਸ ਦੀਆਂ ਕਾਪੀਆਂ ਆਪਣੇ ਪੱਧਰ 'ਤੇ ਕਢਵਾਉਣਗੇ ਅਤੇ ਇਸ ਉੱਪਰ ਪੇਪਰ ਹੱਲ ਕਰਣਗੇ। **ਇਹ ਬਿਹਤਰ ਹੋਵੇਗਾ ਕਿ ਵਿਦਿਆਰਥੀ ਪੇਪਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਆਪਣੇ ਸਾਰੇ ਪੇਪਰਾਂ ਦੀਆਂ ਉੱਤਰ-ਕਾਪੀਆਂ ਪ੍ਰਿੰਟ ਕਰਵਾ ਕੇ ਆਪਣੇ ਘਰ ਸੁਰੱਖਿਅਤ ਰੱਖ ਲੈਣ। ਇਹ ਪ੍ਰਿੰਟ ਸਿਰਫ਼ ਏ-4 (A-4) ਪੇਪਰ ਉੱਪਰ ਲਏ ਜਾਣ।**
2. ਪ੍ਰਸ਼ਨ-ਪੱਤਰ ਕਾਲਜ ਦੀ ਵੈਬਸਾਈਟ www.khalsacollegepatiala.org <http://www.khalsacollegepatiala.org> ਉੱਪਰ Quick Links ਸੈਕਸ਼ਨ ਵਿਚ ਹਰ ਰੋਜ਼ ਪੇਪਰ ਸ਼ੁਰੂ ਹੋਣ ਤੋਂ ਘੱਟੋ-ਘੱਟ ਪੰਦਰ੍ਹਾਂ ਮਿੰਟ (15 Minute) ਪਹਿਲਾਂ ਅਪਲੋਡ ਕੀਤੇ ਜਾਣਗੇ। ਇਸ ਤੋਂ ਇਲਾਵਾ ਇਹ ਪੇਪਰ ਵਿਦਿਆਰਥੀਆਂ ਦੇ ਵਿਸ਼ੇ ਅਨੁਸਾਰ ਪਹਿਲਾਂ ਹੀ ਬਣੇ ਹੋਏ ਵਟਸ-ਐੱਪ ਗਰੁੱਪਾਂ ਰਾਹੀਂ ਵੀ ਪੇਪਰ ਸ਼ੁਰੂ ਹੋਣ ਤੋਂ ਘੱਟੋ-ਘੱਟ ਪੰਦਰ੍ਹਾਂ ਮਿੰਟ (15 Minute) ਪਹਿਲਾਂ ਭੇਜੇ ਜਾਣਗੇ।
3. **ਵਿਦਿਆਰਥੀ ਪ੍ਰਸ਼ਨ-ਪੱਤਰ ਨੂੰ ਹੱਲ ਕਰਨਾ ਸ਼ੁਰੂ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾ ਲੈਣ ਕਿ ਇਹ ਰੈਗੂਲਰ ਵਿਦਿਆਰਥੀਆਂ ਲਈ ਪ੍ਰਸ਼ਨ-ਪੱਤਰ ਹੈ ਜਾਂ ਰੀ-ਅਪੀਅਰ ਵਿਦਿਆਰਥੀਆਂ ਲਈ।** ਇਸ ਮੰਤਵ ਲਈ ਪ੍ਰਸ਼ਨ-ਪੱਤਰ ਦੇ ਸੱਭ ਤੋਂ ਉੱਪਰਲੇ ਹਿੱਸੇ ਅਤੇ ਪ੍ਰਸ਼ਨ-ਪੱਤਰ ਦੀ ਪੀ.ਡੀ.ਐਫ਼. ਦੇ ਫ਼ਾਈਲ ਦੇ ਨਾਮ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ।
4. ਇਹ ਪੇਪਰ ਨੀਲੀ/ਕਾਲੀ ਸਿਆਹੀ (Blue/Black Ball Pen or Blue/Black Ink Pen) ਨਾਲ ਹੱਲ ਕੀਤਾ ਜਾਵੇਗਾ।
5. ਵਿਦਿਆਰਥੀ ਪੇਪਰ ਪੂਰਾ ਕਰਨ ਤੋਂ ਬਾਅਦ ਇਸ ਨੂੰ ਆਪਣੇ ਮੋਬਾਇਲ ਰਾਹੀਂ ਸਕੈਨ ਕਰਦੇ ਹੋਏ, ਇਸ ਦੀ ਇਕੋ ਪੀ.ਡੀ.ਐਫ਼. ਫ਼ਾਈਲ (Single PDF File) ਬਣਾ ਕੇ ਕਾਲਜ ਦੀ ਵੈਬਸਾਈਟ www.khalsacollegepatiala.org <http://www.khalsacollegepatiala.org> ਉੱਪਰ Quick Links ਸੈਕਸ਼ਨ ਜਾਂ www.kcpresults.in/exams/home ਉੱਪਰ ਆਪਣੇ Login ID ਉੱਪਰ ਅਪਲੋਡ (Upload) ਕਰਣਗੇ। **ਇਹ ਧਿਆਨ ਰੱਖਿਆ ਜਾਵੇ ਕਿ ਉੱਤਰ ਕਾਪੀ ਵਿਚ ਸਿਰਫ਼ ਭਰੇ ਹੋਏ ਪੰਨੇ ਹੀ ਸ਼ਾਮਿਲ ਕੀਤੇ ਜਾਣ, ਖ਼ਾਲੀ ਪੰਨਿਆਂ ਨੂੰ ਪੀ.ਡੀ.ਐਫ਼. ਦਾ ਹਿੱਸਾ ਨਾ ਬਣਾਇਆ ਜਾਵੇ।** Login ਕਰਨ ਸਮੇਂ ਵਿਦਿਆਰਥੀ ਆਪਣਾ ਯੂਨੀਵਰਸਿਟੀ ਰੋਲ ਨੰਬਰ, ਜਨਮ ਮਿਤੀ ਅਤੇ ਆਧਾਰ ਨੰਬਰ ਦੀ ਸੂਚਨਾ ਆਪਣੇ ਕੋਲ ਰੱਖੇਗਾ। ਜੇਕਰ

ਵਿਦਿਆਰਥੀ ਨੂੰ ਉੱਤਰ-ਕਾਪੀ ਅਪਲੋਡ ਕਰਨ ਵਿਚ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਇਸ ਸਬੰਧੀ ਪ੍ਰੋ. ਗੁਰਪਾਲ ਸਿੰਘ (ਮੋਬਾਇਲ ਨੰ. 76965-51531), ਪ੍ਰੋ. ਜਸਪ੍ਰੀਤ ਸਿੰਘ (ਮੋਬਾਇਲ ਨੰ. 94636-68702) ਅਤੇ ਪ੍ਰੋ. ਲਾਲ ਸਿੰਘ (ਮੋਬਾਇਲ ਨੰ. 89680-83311) ਨਾਲ ਸੰਪਰਕ ਕਰ ਸਕਦੇ ਹੋ।

6. ਵਿਦਿਆਰਥੀਆਂ ਦੀ ਡੇਟ-ਸ਼ੀਟ ਕਾਲਜ ਦੀ ਵੈਬਸਾਈਟ www.khalsacollegepatiala.org ਉੱਪਰ ਅਪਲੋਡ ਕਰ ਦਿੱਤੀ ਗਈ ਹੈ। **ਵਿਦਿਆਰਥੀ ਇਸ ਡੇਟ-ਸ਼ੀਟ ਨੂੰ ਧਿਆਨ ਨਾਲ ਸਮਝਣਾ ਯਕੀਨੀ ਬਣਾਉਣ।** ਡੇਟ-ਸ਼ੀਟ ਦੀ ਨਾ-ਸਮਝੀ ਨੂੰ ਕਿਸੇ ਵੀ ਬਹਾਨੇ ਵਜੋਂ ਸਵੀਕਾਰ ਨਹੀਂ ਕੀਤਾ ਜਾਵੇਗਾ। ਡੇਟ-ਸ਼ੀਟ ਸਬੰਧੀ ਕਿਸੇ ਵੀ ਕਿਸਮ ਦੇ ਸ਼ੰਕੇ ਜਾਂ ਦੁਵਿਧਾ ਸਬੰਧੀ ਸ਼੍ਰੀ ਨਰਾਇਣ ਦਾਸ, ਡਿਪਟੀ ਰਜਿਸਟਰਾਰ, ਪ੍ਰੀਖਿਆਵਾਂ (ਮੋਬਾਇਲ ਨੰ. 62833-61402) ਜਾਂ ਬੀਬੀ ਪੂਜਾ ਗਰਗ (ਮੋਬਾਇਲ ਨੰ. 90237-04410) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

7. **ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਕਲਾਸਾਂ ਲਈ ਪੇਪਰ ਦਾ ਸਮਾਂ ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 01:00 ਵਜੇ ਤੱਕ ਹੋਵੇਗਾ।** ਵਿਦਿਆਰਥੀਆਂ ਨੂੰ ਦੋ ਘੰਟੇ ਵਾਧੂ ਸਮਾਂ (Additional Time) ਉਸ ਪੇਪਰ ਦੀ ਪੀ.ਡੀ.ਐਫ਼. ਬਣਾ ਕੇ ਅਪਲੋਡ ਕਰਨ ਲਈ ਹੋਵੇਗਾ। ਇਸਦਾ ਭਾਵ ਇਹ ਹੈ ਕਿ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀ ਆਪਣਾ ਪੇਪਰ ਹਰ ਹਾਲਤ ਵਿਚ ਬਾਅਦ ਦੁਪਹਿਰ 03:00 ਵਜੇ ਤੱਕ ਅਪਲੋਡ ਕਰਨਗੇ। ਪੇਪਰ ਅਪਲੋਡ ਹੋਣ ਤੋਂ ਬਾਅਦ ਵਿਦਿਆਰਥੀ ਪਾਸ ਸਕਰੀਨ ਉੱਪਰ ਉੱਤਰ ਕਾਪੀ ਜਮ੍ਹਾਂ ਹੋਣ ਦਾ ਇਕ ਮੈਸੇਜ ਆਵੇਗਾ, ਜਿਸ ਉੱਪਰ ਇਕ ਰੈਫ਼ਰੈਂਸ ਨੰਬਰ ਹੋਵੇਗਾ, ਜਿਸਦਾ ਸਕਰੀਨ ਸ਼ੌਟ ਤੁਸੀਂ ਆਪਣੇ ਭਵਿੱਖੀ ਰੈਫ਼ਰੈਂਸ ਲਈ ਆਪਣੇ ਰਿਕਾਰਡ ਵਿਚ ਰੱਖਣਾ ਹੋਵੇਗਾ।

8. **ਵਿਦਿਆਰਥੀ ਉੱਤਰ-ਕਾਪੀ ਵਿਚ ਦਿੱਤੇ ਸਾਰੇ ਕਾਲਮ ਭਰਨਗੇ ਅਤੇ ਉੱਤਰ-ਕਾਪੀ ਦੇ ਹਰ ਪੰਨੇ ਉੱਪਰ ਆਪਣੇ ਦਸਤਖ਼ਤ ਕਰਨਗੇ। ਇਹ ਦਸਤਖ਼ਤ ਉਨ੍ਹਾਂ ਦੁਆਰਾ ਕੀਤੇ ਪ੍ਰੀਖਿਆ ਫ਼ਾਰਮਾਂ ਦੇ ਦਸਤਖ਼ਤਾਂ ਨਾਲ ਮਿਲਦੇ ਹੋਣੇ ਚਾਹੀਦੇ ਹਨ।** ਪ੍ਰੀਖਿਆ ਸ਼ਾਖ਼ਾ ਵਲੋਂ ਉਨ੍ਹਾਂ ਦੇ ਦਸਤਖ਼ਤਾਂ ਦਾ ਮਿਲਾਨ ਕੀਤਾ ਜਾਵੇਗਾ। ਜੇਕਰ ਉਹ ਸਹੀ ਨਹੀਂ ਪਾਏ ਜਾਂਦੇ ਤਾਂ ਵਿਦਿਆਰਥੀ ਉੱਪਰ ਪ੍ਰੀਖਿਆ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

9. **ਵਿਦਿਆਰਥੀ ਆਪਣਾ ਪੇਪਰ ਦਿੰਦੇ ਸਮੇਂ ਕਾਲਜ ਦੇ ਸਬੰਧਿਤ ਵਿਭਾਗ ਵੱਲੋਂ ਦਿੱਤੇ ਸੋਸ਼ਲ ਮੀਡੀਆ ਪਲੇਟਫ਼ਾਰਮ (Google Meet, Zoom, BlueJeans etc.) ਰਾਹੀਂ ਪੇਪਰ ਦੌਰਾਨ ਲਾਈਵ ਰਹਿਣਗੇ ਅਤੇ ਉਨ੍ਹਾਂ ਨੂੰ ਕਾਲਜ ਵੱਲੋਂ ਇਸ ਮੰਤਵ ਲਈ ਨਿਯੁਕਤ ਕੀਤੇ ਅਬਜ਼ਰਵਰਾਂ ਦੁਆਰਾ ਚੈੱਕ ਕੀਤਾ ਜਾਵੇਗਾ।** ਵਿਦਿਆਰਥੀਆਂ ਨੂੰ ਇਸ ਮੀਟਿੰਗ ਦੀ ਆਈ.ਡੀ. ਉਨ੍ਹਾਂ ਦੇ ਪਹਿਲਾਂ ਤੋਂ ਬਣੇ ਵਟਸ-ਐੱਪ ਗਰੁੱਪਾਂ ਰਾਹੀਂ ਪੇਪਰ ਵਾਲੇ ਦਿਨ ਹੀ ਸਾਂਝੀ ਕੀਤੀ ਜਾਵੇਗੀ। ਵਿਦਿਆਰਥੀ ਆਪਣਾ ਪੇਪਰ ਹੱਲ ਕਰਦੇ ਸਮੇਂ ਘਰ ਦੇ ਕਿਸੇ ਸ਼ਾਂਤ ਵਾਤਾਵਰਣ ਵਿਚ ਬੈਠਣਗੇ ਅਤੇ ਇਸ ਸਮੇਂ ਉਨ੍ਹਾਂ ਨਾਲ ਕੋਈ ਵੀ ਹੋਰ ਦੂਸਰਾ ਮੈਂਬਰ ਬੈਠਾ ਨਹੀਂ ਹੋਵੇਗਾ ਅਤੇ ਨਾ ਹੀ ਇਸ ਸਮੇਂ ਦੌਰਾਨ ਕਿਸੇ ਨਾਲ ਕੋਈ ਗੱਲ-ਬਾਤ ਕੀਤੀ ਜਾਵੇਗੀ। ਇਸ ਸਮੇਂ ਦੌਰਾਨ ਵੀਡੀਓ/ਆਡੀਓ ਬੰਦ (Mute) ਨਹੀਂ ਕੀਤੀ ਜਾਵੇਗੀ। ਅਜਿਹਾ ਨਾ ਹੋਣ ਦੀ ਸੂਰਤ ਵਿਚ ਵਿਦਿਆਰਥੀ ਉੱਪਰ ਪ੍ਰੀਖਿਆ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

10. ਵਿਦਿਆਰਥੀਆਂ ਦੁਆਰਾ ਹੱਲ ਕੀਤੇ ਪਰਚੇ ਨੂੰ ਪਲੈਗਰਿਜ਼ਮ (ਨਕਲ ਚੈੱਕ ਕਰਨ ਦਾ ਸਾਧਨ) ਰਾਹੀਂ ਮੁਲਾਂਕਣ ਕੀਤਾ ਜਾਵੇਗਾ ਅਤੇ ਵਿਦਿਆਰਥੀ ਦੁਆਰਾ ਜੇਕਰ ਆਪਣੇ ਪਰਚੇ ਵਿਚ ਨਕਲ ਸਿੱਧ ਹੁੰਦੀ ਹੈ ਤਾਂ ਉਸ ਵਿਰੁੱਧ ਪ੍ਰੀਖਿਆ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

11. ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਸ਼ਨ-ਪੱਤਰ ਵਿਚ ਪ੍ਰਸ਼ਨ ਹੱਲ ਕਰਨ ਸਮੇਂ ਦਿੱਤੀਆਂ ਗਈਆਂ ਹਦਾਇਤਾਂ ਦਾ ਵਿਸ਼ੇਸ਼ ਧਿਆਨ ਰੱਖਣਾ ਹੋਵੇਗਾ।

12. **ਜੇਕਰ ਕਿਸੇ ਪੇਪਰ ਵਿਚ ਵਿਦਿਆਰਥੀਆਂ ਨੂੰ ਗ੍ਰਾਫ਼ ਪੇਪਰ ਜਾਂ ਨਕਸ਼ੇ ਜਾਂ ਕਿਸੇ ਹੋਰ ਸਮੱਗਰੀ ਦੀ ਜ਼ਰੂਰਤ ਹੈ ਤਾਂ ਵਿਦਿਆਰਥੀ ਉਸਦਾ ਪ੍ਰਬੰਧ ਆਪਣੇ ਪੱਧਰ 'ਤੇ ਪਹਿਲਾਂ ਕਰਕੇ ਰੱਖਣਗੇ।** ਪੇਪਰ ਵਾਲੇ ਦਿਨ ਸਬੰਧਿਤ ਗ੍ਰਾਫ਼ ਜਾਂ ਨਕਸ਼ੇ ਨੂੰ ਭਰਨ ਉਪਰੰਤ, ਇਸ ਉੱਪਰ ਆਪਣਾ ਯੂਨੀਵਰਸਿਟੀ ਰੋਲ ਨੰਬਰ ਲਿਖ ਕੇ ਆਪਣੇ ਦਸਤਖ਼ਤ ਕਰਨ ਤੋਂ ਬਾਅਦ, ਇਸ ਨੂੰ ਸਕੈਨ ਕਰਦੇ ਹੋਏ ਉੱਤਰ ਕਾਪੀ ਦੇ ਆਖ਼ਰੀ ਪੰਨੇ ਤੋਂ ਬਾਅਦ ਪੀ.ਡੀ.ਐਫ਼. ਫ਼ਾਈਲ ਦਾ ਹਿੱਸਾ ਬਣਾਇਆ ਜਾਵੇਗਾ।

13. ਫਿਜ਼ੀਕਲ ਤੌਰ 'ਤੇ ਚੈਲੇਂਜ਼ਡ ਵਿਦਿਆਰਥੀ ਨਿਯਮਾਂ ਅਨੁਸਾਰ ਸਹਾਇਕ ਦੀ ਵਰਤੋਂ ਕਰ ਸਕਦੇ ਹਨ। ਪਰ ਇਸ ਮੰਤਵ ਲਈ ਉਨ੍ਹਾਂ ਨੂੰ ਕੰਟਰੋਲਰ (ਪ੍ਰੀਖਿਆਵਾਂ), ਖ਼ਾਲਸਾ ਕਾਲਜ, ਪਟਿਆਲਾ ਤੋਂ ਮਿਤੀ 21 ਜਨਵਰੀ, 2022 ਤੱਕ ਹਰ ਹਾਲਤ ਵਿਚ ਪੂਰਵ ਲਿਖਤੀ ਪ੍ਰਵਾਨਗੀ ਲੈਣੀ ਹੋਵੇਗੀ।

**ਸ਼ੁੱਭ ਇਛਾਵਾਂ ਸਹਿਤ !**

ਡਾ. ਧਰਮਿੰਦਰ ਸਿੰਘ ਉੱਭਾ
ਪ੍ਰਿੰਸੀਪਲ